


# ਪਾਠ - ਵਾਤਾਵਰਣ

## ਪ੍ਰ.1 ਦੱਸੋ ਮੈਂ ਕੌਣ ਹਾਂ?








1. ਮੈਂ ਧਰਤੀ ਦੀ ਸਭ ਤੋਂ ਉੱਪਰਲੀ ਪਰਤ ਹਾਂ,ਮੇਰੇ ਅੰਦਰ ਸਿਲੀਕਾਨ ਅਤੇ ਐਲੂਮੀਨੀਅਮ ਤੱਤ ਸਭ ਤੋਂ ਜ਼ਿਆਦਾ ਹਨ। ਸਿਆਲ
2. ਮੈਂ ਤਿੰਨਾਂ ਮੰਡਲਾਂ ਦੇ ਮੇਲ ਨਾਲ ਹੋਂਦ ਵਿੱਚ ਆਉਂਦਾ ਹਾਂ। ਜੀਵ ਮੰਡਲ
3. ਮੈਂ ਧਰਤੀ ਦੇ ਦੁਆਲੇ 1600 ਕਿਲੋਮੀਟਰ ਦੀ ਉਚਾਈ ਤੱਕ ਫੈਲਿਆ ਹੋਇਆ ਹਾਂ। ਵਾਯੂਮੰਡਲ


## ਪ੍ਰ.2 ਸਹੀ ਮਿਲਾਨ ਕਰਕੇ ਖਾਲੀ ਥਾਂਵਾਂ ਭਰੋ:

| (ੳ) | (ਅ) |
|---|---|
| 1. ਸੀਲੀਕਾਨ ਅਤੇ ਮੈਗਨੀਸ਼ੀਅਮ | 1. ਕਿਸੇ ਥਾਂ ਦੇ ਜੀਵ ਮੰਡਲ ਅਤੇ ਉਥੋਂ ਦੇ ਭੌਤਿਕ ਆਲੇ ਦੁਆਲੇ ਨੂੰ ਉਸ ਥਾਂ ਦੀ ...ਪਰਿਸਥਿਤੀ... ਕਹਿੰਦੇ ਹਨ। |
| 2. ਗਲੋਬਲ | 2. ਸੀਮਾ ਭਾਗ ਵਿੱਚ ...ਸੀਲੀਕਾਨ............ ਅਤੇ ...ਮੈਗਨੀਸ਼ੀਅਮ ਦੀ ਮਾਤਰਾ ਵਧੇਰੇ ਹੁੰਦੀ ਹੈ। |
| 3. ਪਰਿਸਥਿਤੀ | 3. ਮਨੁੱਖ ਦੇ ਉੱਦਮ ਸਦਕਾ ਸਾਰਾ ਵਿਸ਼ਵ ਇੱਕ...ਗਲੋਬਲ...... ਪਿੰਡ ਬਣ ਗਿਆ ਹੈ। |

## ਪ੍ਰ. 3 ਸਹੀ ਵਿਕਲਪ ਚੁਣੋ:-

1. ਵਾਤਾਵਰਣ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜੇ ਤੱਤ ਸ਼ਾਮਿਲ ਹਨ?
   (ੳ) ਪਾਣੀ (ਅ) ਭੂਮੀ (ੲ) ਪੇੜ-ਪੌਦੇ (ਸ) ਉਪਰੋਕਤ ਸਾਰੇ
2. ਵਾਤਾਵਰਣ ਦੇ ਹੇਠ ਲਿਖਿਆਂ ਵਿੱਚੋਂ ਕਿਹੜੇ ਅੰਸ਼ ਵਿੱਚ ਸਭ ਤੋਂ ਵੱਧ ਅਦਲਾ ਬਦਲੀ ਹੁੰਦੀ ਹੈ?
   (ੳ) ਜਲ ਮੰਡਲ (ਅ) ਥਲਮੰਡਲ (ੲ) ਵਾਯੂ ਮੰਡਲ (ਸ) ਜੀਵ ਮੰਡਲ
3. ਹੇਠ ਲਿਖਿਆਂ ਵਿੱਚੋਂ ਕਿਹੜੀ ਇੱਕ ਧੀਮੀ ਗਤੀ ਨਾਲ ਹੋਣ ਵਾਲੀ ਪ੍ਰਕਿਰਿਆ ਹੈ?
   (ੳ) ਅਪਰਦਨ (ਅ) ਭੂਚਾਲ (ੲ) ਜਵਾਲਾਮੁਖੀ ਦਾ ਫਟਨਾ (ਸ) ਸੁਨਾਮੀ

## ਪ੍ਰ. 4 ਚਿੱਤਰ ਵਿੱਚ ਦਰਸਾਇਆ ਗਿਆ ਹਿੱਸਾ ਧਰਤੀ ਦੇ ਕਿਸ ਹਿੱਸੇ ਨੂੰ ਦਰਸਾਉਂਦਾ ਹੈ?



ਉੱਤਰ -> ਪਾਣੀ ਅਤੇ ਥਲ ਨੂੰ।

Scanned by CamScanner

ਪ੍ਰ 5 ਮੰਨ ਲਵੋ ਤੁਸੀਂ ਸਮੁੰਦਰ ਦੇ ਕੋਲ ਰਹਿੰਦੇ ਹੋ। ਤੁਹਾਡੇ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰੋਬਾਰ ਕਰਨਾ ਫਾਇਦੇਮੰਦ ਰਹੇਗਾ?

1. ਖੇਤੀ ਕਰਨਾ ( )
2. ਡੇਅਰੀ ਫਾਰਮ ( )
3. ਮੁਰਗੀ ਪਾਲਨ ( )
4. ਮੱਛੀਆਂ ਫੜ੍ਹਨਾ ( ਮੱਛੀਆਂ ਫੜਨਾ )

ਪ੍ਰ. 6 ਭਰਵੀਂ ਗਰਮੀ ਦਾ ਦਿਨ ਸੀ। ਸਕੂਲ ਵਿੱਚ ਛੁੱਟੀਆਂ ਚੱਲ ਰਹੀਆਂ ਸਨ। ਪਰ ਫਿਰ ਵੀ ਵਿਦਿਆਰਥੀ ਬਹੁਤ ਉਤਸ਼ਾਹ ਨਾਲ ਸਕੂਲ ਪਹੁੰਚੇ। ਉਹਨਾਂ ਨੇ ਅਧਿਆਪਕਾਂ ਨਾਲ ਮਿਲ ਕੇ ਪਿੰਡ ਵਿੱਚ ਰੈਲੀ ਕੱਢੀ ਅਤੇ ਆਪਣੇ ਆਲੇ ਦੁਆਲੇ ਦੀ ਸਾਂਭ ਸੰਭਾਲ ਬਾਰੇ ਵੱਖ-ਵੱਖ ਪ੍ਰੋਗਰਾਮ ਕੀਤੇ। ਇਸ ਜਾਣਕਾਰੀ ਦੇ ਅਧਾਰ ਤੇ ਦੱਸੋ ਕਿ ਸਕੂਲ ਵਿੱਚ ਕਿਹੜਾ ਦਿਵਸ ਮਨਾਇਆ ਗਿਆ?

1. ਵਾਤਾਵਰਣ ਦਿਵਸ ( ਵਾਤਾਵਰਣ ) ਦਿਵਸ
2. ਮਹਿਲਾ ਦਿਵਸ ( )
3. ਅਜ਼ਾਦੀ ਦਿਵਸ ( )
4. ਗਣਤੰਤਰ ਦਿਵਸ ( )

ਪ੍ਰ.7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਵਿੱਚ ਲਿਖੋ :-

1) ਵਾਤਾਵਰਣ ਤੋਂ ਕੀ ਭਾਵ ਹੈ?

ਉੱਤਰ : ਵਾਤਾਵਰਣ ਤੋਂ ਭਾਵ ਧਰਤੀ ਦੇ ਆਲੇ-ਦੁਆਲੇ ਤੋਂ ਹੈ। ਇਸ ਵਿੱਚ ਧਰਾਤਲ ਤੇ ਜਲਮੰਡਲ ਦੇ ਤੱਤ ਸ਼ਾਮਲ ਹੁੰਦੇ ਹਨ।

2) ਵਾਯੂਮੰਡਲ ਤੇ ਸੰਖੇਪ ਨੋਟ ਲਿਖੋ।

ਉੱਤਰ

ਧਰਤੀ ਤੇ ਇੱਕ ਗਿਲਾਫ਼ ਦੀ ਪਰਤ ਹੈ। ਜਿਸ ਨੂੰ ਵਾਯੂਮੰਡਲ ਆਖਦੇ ਹਨ। ਇਹ ਗਿਲਾਫ਼ ਧਰਤੀ ਦੇ ਆਲੇ-ਦੁਆਲੇ ਲਗਭਗ 1600 ਕਿ.ਮੀ. ਤੱਕ ਫੈਲਿਆ ਹੋਇਆ ਹੈ।

3) ਤਿੰਨਾਂ ਮੰਡਲਾਂ ਦੇ ਸੁਮੇਲ ਕਰਕੇ ਹੋਂਦ ਵਿੱਚ ਆਉਣ ਵਾਲੇ ਮੰਡਲ ਬਾਰੇ ਸੰਖੇਪ ਜਾਣਕਾਰੀ ਦਿਓ।

ਉੱਤਰ

ਜੀਵ ਮੰਡਲ ਤਿੰਨਾਂ ਮੰਡਲਾਂ ਦੇ ਹੋਂਦ ਕਰਕੇ ਸੁਮੇਲ ਵਿੱਚੋਂ ਆਇਆ ਹੈ। ਇਸ ਨੂੰ ਜੀਵ ਮੰਡਲ ਆਖਦੇ ਹਨ। ਜੀਵ ਮੰਡਲ ਵਿੱਚ ਕਈ ਜੀਵ ਜੰਤੂ ਅਤੇ ਪੇੜ ਪੌਦੇ ਹੁੰਦੇ ਹਨ।



Scanned by CamScanner

# ਪਾਠ - ਧਰਤੀ ਦਾ ਅੰਦਰੂਨੀ ਅਤੇ ਬਾਹਰਲਾ ਰੂਪ

## ਪ੍ਰ.1 ਦੱਸੋ ਮੈਂ ਕੌਣ ਹਾਂ?

1. ਮੇਰਾ ਨਿਰਮਾਣ ਜਵਾਲਾਮੁਖੀ ਕਿਰਿਆਂਵਾਂ ਕਰਕੇ ਹੁੰਦਾ ਹੈ ਮੇਰਾ ਇੱਕ ਨਾਂ ਰੇਗੜ ਵੀ ਹੈ। ਕਾਲੀ ਮਿੱਟੀ
2. ਅੱਜਕੱਲ੍ਹ ਮੈਂ ਇੰਨਾ ਮਹੱਤਵਪੂਰਨ ਹਾਂ ਕਿ ਮੈਨੂੰ ਤਰਲ ਸੋਨਾ ਵੀ ਕਿਹਾ ਜਾਂਦਾ ਹੈ। ਖਣਿਜ ਤੇਲ
3. ਮੈਂ ਸੂਰਜ ਤੋਂ ਆਉਣ ਵਾਲੀਆਂ ਖਤਰਨਾਕ ਪਰਾਵੈਂਗਨੀ ਕਿਰਨਾਂ ਨੂੰ ਧਰਤੀ ਤੇ ਪਹੁੰਚਣ ਤੋਂ ਰੋਕਦੀ ਹਾਂ। ਓਜ਼ੋਨ ਪਰਤ

## ਪ੍ਰ.2 ਖਾਲੀ ਥਾਂਵਾਂ ਭਰੋ:-

1. ਮੁਸਾਮਦਾਰ ਚੱਟਾਨਾਂ ਵਿੱਚ ...ਰੇਤ... ਦੀ ਮਾਤਰਾ ਵਧੇਰੇ ਹੁੰਦੀ ਹੈ।
2. ਫਿਊਜੀਜਾਮਾ ਪਹਾੜ...ਜ਼ਪਾਨ... ਵਿਖੇ ਸਥਿਤ ਹੈ।
3. ਭਾਰਤ ਦੇ......55.... % ਭਾਗ ਵਿਚ ਜਲੋੜ ਮਿੱਟੀ ਪਾਈ ਜਾਂਦੀ ਹੈ।
4. ਚੂਨਾ ਪੱਥਰ ਰੂਪਾਂਤਰਿਤ ਹੋ ਕੇ...ਸੰਗਮਰਮਰ... ਬਣ ਜਾਂਦਾ ਹੈ।

## ਪ੍ਰ.3 ਸਹੀ ਵਿਕਲਪ ਚੁਣੋ:-

1. ਹੇਠ ਲਿਖੀਆਂ ਵਿੱਚੋਂ ਕਿਹੜੀਆਂ ਚੱਟਾਨਾਂ ਨੂੰ ਪ੍ਰਾਥਮਿਕ (ਮੂਲ) ਚੱਟਾਨਾਂ ਕਿਹਾ ਜਾਂਦਾ ਹੈ?
   (ੳ) ਪਰਤਦਾਰ(ਤਹਿਦਾਰ) ਚੱਟਾਨਾਂ (ਅ) ਰੂਪਾਂਤਰਿਤ ਚੱਟਾਨਾਂ (ੲ) ਅਗਨੀ ਚੱਟਾਨਾਂ
   (ਸ) ਇਹਨਾਂ ਵਿੱਚੋਂ ਕੋਈ ਨਹੀਂ
2. ਗਰਮ ਅਤੇ ਸਿੱਲੇ ਪ੍ਰਦੇਸ਼ਾਂ ਵਿੱਚ ਹੇਠ ਲਿਖੀਆਂ ਵਿੱਚੋਂ ਕਿਹੜੀ ਮਿੱਟੀ ਪਾਈ ਜਾਂਦੀ ਹੈ?
   (ੳ) ਕਾਲੀ ਮਿੱਟੀ (ਅ) ਪਰਬਤੀ ਮਿੱਟੀ (ੲ) ਮਾਰੂਥਲੀ ਮਿੱਟੀ (ਸ) ਲੈਟਰਾਈਟ ਮਿੱਟੀ
3. ਮਨੁੱਖੀ ਇਤਿਹਾਸ ਵਿੱਚ ਸਭ ਤੋਂ ਪਹਿਲਾਂ ਵਰਤਿਆ ਜਾਣ ਵਾਲਾ ਖਣਿਜ ਹੇਠ ਲਿਖਿਆਂ ਵਿੱਚੋਂ ਕਿਹੜਾ ਸੀ?
   (ੳ) ਤਾਂਬਾ (ਅ) ਲੋਹਾ (ੲ) ਬਾਕਸਾਈਟ (ਸ) ਅਬਰਕ

## ਪ੍ਰ.4 ਸਹੀ ਮਿਲਾਨ ਕਰੋ:-

| (ੳ) | (ਅ) |
|---|---|
| 1. ਰੇਤ ਪੱਥਰ | 1. ਨਾਈਸ |
| 2. ਪੀਟ | 2 ਕਵਾਰਟਜ਼ਾਇਟ |
| 3. ਅਬਰਕ | 3. ਕੋਲਾ |
| 4. ਗ੍ਰੇਨਾਈਟ | 4. ਸ਼ਿਸ਼ਟ |

## ਪ੍ਰ. 5 ਮੰਨ ਲਵੋ ਤੁਸੀਂ ਗੁਜਰਾਤ ਦੇ ਇੱਕ ਪਿੰਡ ਵਿੱਚ ਰਹਿੰਦੇ ਹੋ। ਤੁਹਾਡੇ ਪਿੰਡ ਵਿੱਚ ਕਾਲੀ ਮਿੱਟੀ ਪਾਈ ਜਾਂਦੀ ਹੈ। ਤੁਹਾਨੂੰ ਆਪਣੇ ਖੇਤ ਵਿੱਚ ਹੇਠ ਲਿਖੀਆਂ ਵਿੱਚੋਂ ਕਿਹੜੀ ਫਸਲ ਬੀਜਣੀ ਚਾਹੀਦੀ ਹੈ ਤਾਂ ਜੋ ਤੁਹਾਨੂੰ ਵੱਧ ਫਾਇਦਾ ਹੋ ਸਕੇ?

1. ਕਪਾਹ 2. ਕਣਕ 3. ਗੰਨਾ 4. ਚਾਵਲ



Scanned by CamScanner

**ਪ੍ਰ.6 ਮੰਨ ਲਵੋ ਤੁਸੀਂ ਸਟੀਲ ਬਣਾਉਣ ਦੀ ਫੈਕਟਰੀ ਲਗਾਉਣਾ ਚਾਹੁੰਦੇ ਹੋ। ਤੁਹਾਨੂੰ ਹੇਠ ਲਿਖਿਆਂ ਵਿੱਚੋਂ ਕਿਹੜੇ ਖਣਿਜ ਪਦਾਰਥ ਦੀ ਲੋੜ ਪਵੇਗੀ?**

1. ਤਾਂਬਾ
2. ਅਬਰਕ
3. ਸੋਨਾ
4. ਮੈਂਗਨੀਜ਼ ✓

**ਪ੍ਰ. 7 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:**

1) ਅਗਨੀ ਚੱਟਾਨਾਂ ਕਿਵੇਂ ਬਣਦੀਆਂ ਹਨ?

ਉੱਤਰ ਅਗਨੀ ਚਟਾਨਾਂ ਪ੍ਰਿਥਵੀ ਦੇ ਅੰਦਰੂਨੀ ਭਾਗ ਵਿੱਚ ਮਿਲਦੇ ਅਤਿਅੰਤ ਗਰਮ ਅਤੇ ਪਿਘਲੀ ਹੋਈ ਤਰਲ (ਲਾਵੇ) ਦੇ ਠੰਡਾ ਹੋਕੇ ਠੋਸ ਹੋਣ ਨਾਲ ਹੋਇਆ ਹੈ। ✓

2) ਕਪਾਹ ਦੀ ਫਸਲ ਉਗਾਉਣ ਲਈ ਸਭ ਤੋਂ ਵਧੀਆ ਕਿਹੜੀ ਮਿੱਟੀ ਹੁੰਦੀ ਹੈ?ਇਹ ਭਾਰਤ ਵਿੱਚ ਕਿੱਥੇ ਪਾਈ ਜਾਂਦੀ ਹੈ?

ਉੱਤਰ

ਕਪਾਹ ਦੀ ਖੇਤੀ ਲਈ ਕਾਲੀ ਮਿੱਟੀ ਬਹੁਤ ਵਧੀਆ ਹੈ ਇਹ ਭਾਰਤ ਵਿੱਚ ਮੱਧਪ੍ਰਦੇਸ਼, ਮਹਾਰਾਸ਼ਟਰਾ ਗੁਜਰਾਤ ਅਤੇ ਤਾਮਿਲਨਾਡੂ ਵਿੱਚ ਪਾਈ ਜਾਂਦੀ ਹੈ। ✓

3) ਖਣਿਜ ਪਦਾਰਥਾਂ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਗਿਆ ਹੈ? ਨੋਟ ਲਿਖੋ।

ਉੱਤਰ

(1) ਧਾਤਵੀ ਖਣਿਜ
(2) ਅਧਾਤਵੀ ਖਣਿਜ
(3) ਸ਼ਕਤੀ ਖਣਿਜ ✓

Scanned by CamScanner

# ਪਾਠ- ਵਾਯੂਮੰਡਲ ਅਤੇ ਤਾਪਮਾਨ

**ਪ੍ਰ. 1 ਦੱਸੋ ਮੈਂ ਕੌਣ ਹਾਂ?**

1. ਵਾਯੂਮੰਡਲ ਵਿੱਚ ਮੇਰੀ ਮਾਤਰਾ ਸਭ ਤੋਂ ਵੱਧ ਹੈ। ਦੱਸੋ ਮੈਂ ਕਿਹੜੀ ਗੈਸ ਹਾਂ? ....ਨਾਈਟ੍ਰੋਜਨ....
2. ਮੈਂ ਧੁੰਦ ਅਤੇ ਧੂੰਏਂ ਦੇ ਮਿਲਨ ਨਾਲ ਬਣਦੀ ਹਾਂ। ....ਸਮੋਗ....
3. ਮੇਰੇ ਅਨੁਸਾਰ ਪਾਣੀ $0^0$ ਤੇ ਜੰਮ ਜਾਂਦਾ ਹੈ। ....ਸੈਂਟੀਗ੍ਰੇਡ....
4. ਮੇਰੇ ਅਨੁਸਾਰ ਪਾਣੀ $212^0$ ਤੇ ਉਬਲਦਾ ਹੈ। ....ਫਾਰਨਹੀਟ....

**ਪ੍ਰ. 2 ਸਹੀ ਵਿਕਲਪ ਚੁਣੋ:-**

1. ਮੌਸਮ ਸਬੰਧੀ ਕਿਰਿਆਵਾਂ ਹੇਠ ਲਿਖਿਆਂ ਵਿੱਚੋਂ ਕਿਸ ਮੰਡਲ ਵਿੱਚ ਵਾਪਰਦੀਆਂ ਹਨ?
   ✓(ੳ) ਅਸ਼ਾਂਤੀ ਮੰਡਲ (ਅ) ਸਮਤਾਪ ਮੰਡਲ (ੲ) ਮੱਧ ਵਰਤੀ ਮੰਡਲ (ਸ) ਤਾਪ ਮੰਡਲ
2. ਹਵਾ ਵਿਚਲੀ ਗਰਮੀ ਨੂੰ ਹੇਠ ਲਿਖਿਆਂ ਵਿੱਚੋਂ ਕੀ ਕਿਹਾ ਜਾਂਦਾ ਹੈ?
   (ੳ) ਧੂੜਕਣ (ਅ) ਨਮੀ (ੲ)✓ ਤਾਪਮਾਨ (ਸ) ਜੈਵਿਕ ਅੰਸ਼
3. ਹੇਠ ਲਿਖਿਆਂ ਵਿੱਚੋਂ ਕਿਹੜੇ ਮੰਡਲ ਦੀ ਹੇਠਲੀ ਤਹਿ ਆਇਨ ਮੰਡਲ ਕਹਾਉਂਦੀ ਹੈ?
   (ੳ) ਅਸ਼ਾਂਤੀ ਮੰਡਲ (ਅ) ਸਮਤਾਪ ਮੰਡਲ (ੲ) ਮੱਧਵਰਤੀ ਮੰਡਲ (ਸ)✓ ਤਾਪ ਮੰਡਲ

**ਪ੍ਰ.3 ਹੇਠ ਲਿਖਿਆਂ ਸਾਹਮਣੇ ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ:-**

1. ਜਲਕਣਾਂ ਦੀ ਸਭ ਤੋਂ ਵੱਧ ਮਾਤਰਾ ਅਸ਼ਾਂਤੀ ਮੰਡਲ ਵਿੱਚ ਪਾਈ ਜਾਂਦੀ ਹੈ। ( ✓ )
2. ਹਵਾ ਵਿੱਚ ਆਕਸੀਜਨ ਦੀ ਮਾਤਰਾ 70% ਹੁੰਦੀ ਹੈ। ( ✗ )
3. ਹਾਈਡ੍ਰੋਜਨ ਗੈਸ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਦੀ ਹੈ। ( ✗ )
4. ਸਮੁੰਦਰ ਤਲ ਤੋਂ ਉਚਾਈ ਵਧਣ ਨਾਲ ਤਾਪਮਾਨ ਵੱਧਦਾ ਹੈ। ( ✗ )

**ਪ੍ਰ.4 ਸਹੀ ਮਿਲਾਨ ਕਰੋ:-**


| (ੳ) | (ਅ) |
|---|---|
| 1. ਅਸ਼ਾਂਤੀ ਮੰਡਲ | 1. ਬਿਜਲਈ ਕਣ |
| 2. ਸਮਤਾਪ ਮੰਡਲ | 2. ਓਜ਼ੋਨ ਗੈਸ |
| 3. ਮੱਧਵਰਤੀ ਮੰਡਲ | 3. ਮੌਸਮੀ ਕਿਰਿਆਵਾਂ |
| 4. ਤਾਪ ਮੰਡਲ | 4. 50 ਤੋਂ 80 ਕਿ.ਮੀ. ਤੱਕ ਫੈਲਿਆ ਹੋਇਆ |

**ਪ੍ਰ 5 ਰਾਮ ਜਦੋਂ ਵੀ ਕਿਤੇ ਬਾਹਰ ਜਾਂਦਾ ਹੈ ਤਾਂ ਪਰਫਿਊਮ ਦੀ ਬਹੁਤ ਹੀ ਜ਼ਿਆਦਾ ਵਰਤੋਂ ਕਰਦਾ ਹੈ। ਦੱਸੋ ਉਹ ਵਾਤਾਵਰਨ ਵਿੱਚ ਕੀ ਭੂਮਿਕਾ ਨਿਭਾ ਰਿਹਾ ਹੈ?**

1. ਉਹ ਵਾਯੂ ਪ੍ਰਦੂਸ਼ਣ ਘਟਾ ਰਿਹਾ ਹੈ।
2. ਉਹ ਵਾਯੂ ਪ੍ਰਦੂਸ਼ਣ ਵਧਾ ਰਿਹਾ ਹੈ। ✓
3. ਉਹ ਆਕਸੀਜਨ ਦੀ ਮਾਤਰਾ ਵਧਾ ਰਿਹਾ ਹੈ।
4. ਉਹ ਹਵਾ ਨੂੰ ਸਾਫ ਕਰ ਰਿਹਾ ਹੈ।

**ਪ੍ਰ.6 ਸੋਹਣ ਨੂੰ ਤੇਜ ਬੁਖਾਰ ਹੈ। ਉਹ ਡਾਕਟਰ ਕੋਲ ਜਾਂਦਾ ਹੈ। ਬੁਖਾਰ ਨੂੰ ਮਾਪਣ ਲਈ ਡਾਕਟਰ ਹੇਠ ਲਿਖਿਆਂ ਵਿੱਚੋਂ ਕਿਹੜਾ ਪੈਮਾਨਾ ਵਰਤੇਗਾ?**

1. ਸੈਲਸੀਅਸ ✓
2. ਰਿਕਟਰ
3. ਫਾਰਨਹੀਟ
4. ਮਰਕਾਲੀ




Scanned by CamScanner

# ਪਾਠ - ਭਾਰਤ ਅਤੇ ਸੰਸਾਰ (ਕਦੋਂ, ਕਿੱਥੇ ਅਤੇ ਕਿਵੇਂ)

**ਪ੍ਰ. 1 ਸਹੀ ਵਿਕਲਪ ਚੁਣੋ:-**

1. ਭਾਰਤ ਵਿੱਚ ਕਿਹੜੀ ਸਦੀ ਨੂੰ ਪਰਿਵਰਤਨ ਦੀ ਸਦੀ ਮੰਨਿਆ ਜਾਂਦਾ ਹੈ?
   (ੳ) 15 ਵੀਂ (ਅ) 18 ਵੀਂ (ੲ) 12 ਵੀਂ (ਸ) 8 ਵੀਂ
2. ਪੁਰਾਤੱਤਵ ਸ੍ਰੋਤਾਂ ਵਿੱਚ ਹੇਠ ਲਿਖਿਆਂ ਵਿਚੋਂ ਕਿਹੜਾ ਸ੍ਰੋਤ ਸ਼ਾਮਿਲ ਨਹੀਂ ਹੈ?
   (ੳ) ਮੰਦਰ (ਅ) ਸ਼ਿਲਾਲੇਖ (ੲ) ਸਵੈਜੀਵਨੀਆਂ (ਸ) ਸਿੱਕੇ
3. ਇਬਨਬਤੂਤਾ ਦੇ ਰੀਹੇਲਾ ਲੇਖ ਤੋਂ ਕਿਹੜੇ ਸ਼ਾਸਕ ਬਾਰੇ ਜਾਣਕਾਰੀ ਮਿਲਦੀ ਹੈ?
   (ੳ) ਮੁਹੰਮਦ-ਬਿਨ-ਤੁਗਲਕ (ਅ) ਬਾਬਰ (ੲ) ਅਕਬਰ (ਸ) ਜਹਾਂਗੀਰ
4. ਵਿਜੈਨਗਰ ਰਾਜ ਦੀ ਯਾਤਰਾ ਤੇ ਹੇਠ ਲਿਖਿਆਂ ਵਿੱਚੋਂ ਕਿਸ ਯਾਤਰੀ ਨੇ ਲੇਖ ਲਿਖਿਆ?
   (ੳ) ਇਬਨਬਤੂਤਾ (ਅ) ਅਬਦੁਲ ਰਜ਼ਾਕ (ੲ) ਅਲਬਰੂਨੀ (ਸ) ਬਰਨੀ

**ਪ੍ਰ.2 ਨਕਸ਼ੇ ਵਿੱਚ ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਂ ਭਰੋ।**



**ਪ੍ਰ 3 ਦੱਸੋ ਮੈਂ ਕੌਣ ਹਾਂ ?**

1. ਮੈਂ ਅਕਬਰ ਦੇ ਦਰਬਾਰ ਦਾ ਮਹਾਨ ਸੰਗੀਤਕਾਰ ਹਾਂ। ਮੇਰਾ ਨਾਂ .ਤਾਨਸੇਨ.... ਹੈ।
2. ਮੈਂ ਮੁਹੰਮਦ-ਬਿਨ-ਤੁਗਲਕ ਦੇ ਰਾਜਕਾਲ ਬਾਰੇ ਕਿਤਾਬ-ਉਲ-ਰਿਹੇਲਾ ਲੇਖ ਲਿਖਿਆ। ਮੇਰਾ ਨਾਂ .ਇਬਨਬਤੂਤਾ.... ਹੈ।
3. ਮੇਰੀ ਭਾਰਤ ਯਾਤਰਾ ਤੋਂ ਬਾਅਦ ਭਾਰਤ ਨੂੰ ਮੇਰੇ ਦੇਸ਼ ਵਿੱਚ ਇੰਟੂ ਕਿਹਾ ਜਾਣ ਲੱਗਾ। ਮੇਰਾ ਨਾਂ .ਹਿਊਨਸਾਂਗ.......... ਹੈ।



Scanned by CamScanner

## ਪ੍ਰ 4 ਸਹੀ ਮਿਲਾਨ ਕਰਕੇ ਖਾਲੀ ਥਾਂਵਾਂ ਭਰੋ:-

| (ੳ) | (ਅ) |
|---|---|
| 1. ਭਾਰਤਵਰਸ਼ | 1. ਬਾਈਬਲ ਵਿੱਚ ਭਾਰਤ ਨੂੰ ...ਹੋਡੂ.......... ਨਾਂ ਨਾਲ ਜਾਣਿਆ ਜਾਂਦਾ ਹੈ। |
| 2. ਤਾਇਨ ਚੂ | 2. ਵੈਦਿਕ ਕਾਲ ਵਿੱਚ ਭਾਰਤ ਨੂੰ ..ਆਰੀਆਵਰਤ..... ਕਿਹਾ ਜਾਂਦਾ ਸੀ। |
| 3. ਆਰੀਆਵਰਤ | 3. ਮਹਾਂਭਾਰਤ ਤੇ ਪੁਰਾਣਾਂ ਵਿੱਚ ਭਾਰਤ ....ਭਾਰਤਵਰਸ਼. ਕਿਹਾ ਜਾਂਦਾ ਸੀ। |
| 4. ਹੋਡੂ | 4. ਚੀਨੀ ਲੋਕ ਭਾਰਤ ਨੂੰ ...ਤਾਇਨ...ਚੂ ਦੇ ਨਾਂ ਨਾਲ ਜਾਣਦੇ ਸਨ। |

## ਪ੍ਰ. 6 ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:

1) ਇਤਿਹਾਸ ਵਿੱਚ ਭਾਰਤੀ ਉਪ-ਮਹਾਂਦੀਪ ਦੇ ਕਿਹੜੇ-ਕਿਹੜੇ ਨਾਂ ਰੱਖੇ ਗਏ ਹਨ?

ਉੱਤਰ. ਇਤਿਹਾਸ ਦੇ ਭਾਰਤ ਨੂੰ ਭਿੰਨ-2 ਯੁਗਾਂ ਵਿੱਚ ਵੱਖ-2 ਨਾਂ ਦਿੱਤੇ ਵੈਦਿਕ ਕਾਲ ਵਿੱਚ ਇਸ ਨੂੰ ਆਰੀਆ ਵਰਤ ਕਿਹਾ ਜਾਂਦਾ ਸੀ। ਮਹਾਂਭਾਰਤ ਅਤੇ ਪੁਰਾਣਾਂ ਦੇ ਸਮੇਂ ਇਸ ਨੂੰ ਭਾਰਤਵਰਸ਼ ਕਿਹਾ ਜਾਣ ਲੱਗਾ। ਇਰਾਨੀਆਂ ਨੇ ਇਸ ਨੂੰ ਹਿੰਦੂ ਦਾ ਨਾਂ ਦਿੱਤਾ, ਜਦਕਿ ਯੂਨਾਨੀਆਂ ਨੇ ਇਸ ਨੂੰ ਇੰਡਸ ਕਿਹਾ ਜਾਣ ਲੱਗਾ। ਬਾਈਬਲ ਵਿੱਚ ਇਸ ਲਈ ਹੋਡੂ ਸ਼ਬਦ ਵਰਤੋਂ ਕੀਤੀ ਗਈ।

2) ਇਤਿਹਾਸਿਕ ਸ੍ਰੋਤ ਕਿੰਨੇ ਪ੍ਰਕਾਰ ਦੇ ਹੁੰਦੇ ਹਨ ? ਨੋਟ ਲਿਖੋ।

ਉੱਤਰ. ਇਤਿਹਾਸਿਕ ਸ੍ਰੋਤ ਦੋ ਪ੍ਰਕਾਰ ਦੇ ਹੁੰਦੇ ਹਨ। ਪੁਰਾਤੱਤਵ ਸ੍ਰੋਤ ਅਤੇ ਸਾਹਿਤਿਕ ਸ੍ਰੋਤ।

3) ਪਾਠ ਵਿੱਚ ਆਈਆਂ ਇਤਿਹਾਸਿਕ ਇਮਾਰਤਾਂ ਦੀ ਸੂਚੀ ਬਣਾਓ।

ਉੱਤਰ. ਪ੍ਰਾਚੀਨ ਇਮਾਰਤਾਂ ਵਿੱਚ ਮੰਦਰ, ਮਸਜਿਦਾਂ, (ਜਿਵੇਂ ਕਿ ਜਾਮਾ ਮਸਜਿਦ ਮੋਤੀ ਮਸਜਿਦ ਆਦਿ), ਕਿਲੇ (ਲਾਲ ਕਿਲ੍ਹੇ, ਆਗਰੇ ਦਾ ਕਿਲ੍ਹਾ, ਮਕਬਰੇ, ਮਹਿਲ ਜੈਸਲਮੇਰ ਆਦਿ) ਆਦਿ ਸ਼ਾਮਲ ਹਨ।

Scanned by CamScanner

# ਪਾਠ - ਨਵੇਂ ਰਾਜ ਅਤੇ ਰਾਜੇ

**ਪ੍ਰ. 1 ਹੇਠ ਲਿਖੇ ਵਾਕਾਂ ਸਾਹਮਣੇ ਦਿੱਤੀ ਥਾਂ ਤੇ ਸਹੀ ਵਾਕ ਨੂੰ ਹਰਾ ਅਤੇ ਗਲਤ ਵਾਕ ਨੂੰ ਲਾਲ ਰੰਗ ਨਾਲ ਦਰਸਾਓ:-**

1. ਨਾਗਭੱਟ ਨੇ 725 ਈ. ਵਿੱਚ ਗੁਰਜਰ-ਪ੍ਰਤੀਹਾਰ ਵੰਸ਼ ਦੀ ਸਥਾਪਨਾ ਕੀਤੀ । ✓
2. ਗੋਪਾਲ ਨੇ ਬੰਗਾਲ ਵਿੱਚ ਚੌਹਾਨ ਵੰਸ਼ ਦੀ ਸਥਾਪਨਾ ਕੀਤੀ। ✗
3. ਅਮੋਘਵਰਸ਼ ਨੇ ਰਾਸ਼ਟਰਕੂਟ ਵੰਸ਼ ਦੀ ਸਥਾਪਨਾ ਕੀਤੀ। ✗
4. ਮਹਿਮੂਦ ਗਜਨਵੀ ਅਫਗਾਨਿਸਤਾਨ ਦਾ ਰਹਿਣ ਵਾਲਾ ਸੀ। ✓

**ਪ੍ਰ. 2 ਸਹੀ ਮਿਲਾਨ ਕਰਕੇ ਵਾਕ ਬਣਾਓ ਅਤੇ ਹੇਠਾਂ ਲਿਖੋ:-**

| ਲੜੀ ਨੰ | ੳ | ਅ | ੲ |
|---|---|---|---|
| 1. | ਨਾਗਾਭੱਟ ਪਹਿਲੇ ਨੇ | 1025 ਈ. ਵਿੱਚ | ਰਾਸ਼ਟਰਕੂਟ ਵੰਸ਼ ਦੀ ਸਥਾਪਨਾ ਕੀਤੀ |
| 2. | ਦੰਤੀਦੁਰਗ ਨੇ | 750 ਈ. ਵਿੱਚ | ਸੋਮਨਾਥ ਮੰਦਰ ਤੇ ਹਮਲਾ ਕੀਤਾ |
| 3. | ਗੋਪਾਲ ਨੇ | 725 ਈ. ਵਿੱਚ | ਗੁਰਜਰ-ਪ੍ਰਤੀਹਾਰ ਵੰਸ਼ ਦੀ ਸਥਾਪਨਾ ਕੀਤੀ |
| 4. | ਮਹਿਮੂਦ ਗਜਨਵੀ ਨੇ | 742 ਈ. ਵਿੱਚ | ਪਾਲ ਵੰਸ਼ ਦੀ ਸਥਾਪਨਾ ਕੀਤੀ |

1. ਨਾਗਭੱਟ ਪਹਿਲੇ ਨੇ 725 ਈ. ਵਿੱਚ ਗੁਰਜਰ-ਪ੍ਰਤੀਹਾਰ ਵੰਸ਼ ਦੀ ਸਥਾਪਨਾ ਕੀ
2. ਦੰਤੀਦੁਰਗ ਨੇ 742 ਈ. ਵਿੱਚ ਰਾਸ਼ਟਰਕੂਟ ਵੰਸ਼ ਦੀ ਸਥਾਪਨਾ ਕੀਤੀ।
3. ਗੋਪਾਲ ਨੇ 750 ਈ. ਵਿੱਚ ਪਾਲ ਵੰਸ਼ ਦੀ ਸਥਾਪਨਾ ਕੀਤੀ।
4. ਮਹਿਮੂਦ ਗਜ਼ਨਵੀ ਨੇ 1025 ਈ. ਵਿੱਚ ਸੋਮਨਾਥ ਮੰਦਰ ਤੇ ਹਮਲਾ ਕੀ

**ਪ੍ਰ. 3 ਸਹੀ ਵਿਕਲਪ ਚੁਣੋ:-**

1. ਹੇਠ ਲਿਖਿਆਂ ਵਿੱਚੋਂ ਕੌਣ ਗੁਰਜਰ-ਪ੍ਰਤੀਹਾਰ ਵੰਸ਼ ਦਾ ਸਭ ਤੋਂ ਸ਼ਕਤੀਸ਼ਾਲੀ ਰਾਜਾ ਸੀ?
   (ੳ) ਮਿਹਿਰਭੋਜ (ਅ) ਨਾਗਾਭੱਟ (ੲ) ਰਾਜਪਾਲ (ਸ) ਧਰੁਵ
2. ਹੇਠ ਲਿਖਿਆਂ ਵਿੱਚੋਂ ਕਿਸ ਪਾਲ ਸ਼ਾਸਕ ਨੇ ਵਿਕਰਮਸ਼ਿਲਾ ਵਿਹਾਰ ਦੀ ਸਥਾਪਨਾ ਕੀਤੀ ਜਿਹੜਾ ਬਾਅਦ ਵਿੱਚ ਇੱਕ ਵਿਸ਼ਵਵਿਦਿਆਲਿਆ ਬਣਿਆ?
   (ੳ) ਗੋਪਾਲ (ਅ) ਧਰਮਪਾਲ (ੲ) ਦੇਵਪਾਲ (ਸ) ਰਾਜਪਾਲ
3. ਰਾਸ਼ਟਕੂਟ ਰਾਜਿਆਂ ਦਾ ਰਾਜ ਕਿਹੜੀਆਂ ਦੋ ਨਦੀਆਂ ਦੇ ਵਿਚਕਾਰ ਸੀ?
   (ੳ) ਕ੍ਰਿਸ਼ਨਾ ਅਤੇ ਤੁੰਗਭਦਰਾ (ਅ) ਨਰਮਦਾ ਅਤੇ ਤਾਪਤੀ (ੲ) ਗੋਦਾਵਰੀ ਅਤੇ ਮਹਾਂਨਦੀ (ਸ) ਗੰਗਾ ਅਤੇ ਜਮਨਾ

**ਪ੍ਰ. 4 ਦੱਸੋ ਮੈਂ ਕੌਣ ਹਾਂ?**

1. ਮੈਂ ਪ੍ਰਿਥਵੀਰਾਜ ਚੌਹਾਨ ਨੂੰ ਤਰਾਇਨ ਦੀ ਦੂਜੀ ਲੜਾਈ ਵਿੱਚ ਹਰਾਇਆ। ਮੇਰਾ ਨਾਂ ਮ.ਗੌ.ਮੁਹ. ਹੈ।
2. ਮੈਂ ਬੋਧ ਗਯਾ ਵਿਖੇ ਮੋਹਾਂਬੋਧੀ ਮੰਦਰ ਦਾ ਨਿਰਮਾਣ ਕਰਾਇਆ। ਮੇਰਾ ਨਾਂ ਦੇਵਪਾਲ ਹੈ।
3. ਮੈਂ ਏਲੋਰਾ ਵਿੱਚ ਕੈਲਾਸ਼ ਮੰਦਰ ਦਾ ਨਿਰਮਾਣ ਕਰਾਇਆ। ਮੇਰਾ ਨਾਂ ਕ੍ਰਿਸ਼ਨਾ ਪਹਿਲਾ ਹੈ।







Scanned by CamScanner

## ਪ੍ਰ 5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:

1) ਤ੍ਰਿਪੱਖੀ ਸੰਘਰਸ਼ ਕਿਹੜੇ ਰਾਜਵੰਸ਼ਾਂ ਵਿਚਕਾਰ ਹੋਇਆ?

ਉੱਤਰ. ਤਿੰਨ ਸ਼ਕਤੀਆਂ ਪਾਲ, ਗੁਰਜਰ-ਪ੍ਰਤੀਹਾਰ ਅਤੇ ਰਾਸ਼ਟਰਕੂਟ ਸ਼ਾਸਕਾਂ ਵਿਚਕਾਰ ਕਨੌਜ ਲਈ ਸੰਘਰਸ਼ ਸ਼ੁਰੂ ਹੋ ਗਿਆ।

2) ਜਾਤੀ ਪ੍ਰਥਾ ਤੇ ਨੋਟ ਲਿਖੋ।

ਉੱਤਰ. ਮੁੱਢਲੇ ਮੱਧਕਾਲੀਨ ਯੁੱਗ ਦੌਰਾਨ ਜਾਤੀ ਪ੍ਰਥਾ ਬਹੁਤ ਕਠੋਰ ਸੀ। ਸਮਾਜ ਚਾਰ ਜਾਤਾਂ - ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਸ਼ੂਦਰ ਸਮਾਜ ਅੰਦਰ ਵੀ ਬਹੁਤ ਸਾਰੀਆਂ ਉਪ-ਜਾਤੀਆਂ ਵਿੱਚ ਵੰਡਿਆ ਹੋਇਆ ਸੀ।

3) ਮਹਿਮੂਦ ਗਜ਼ਨਵੀ ਦੇ ਹਮਲਿਆਂ ਤੇ ਨੋਟ ਲਿਖੋ।

ਉੱਤਰ. ਜੈਪਾਲ ਉੱਤੇ ਹਮਲਾ, ਆਨੰਦਪਾਲ ਉੱਤੇ ਹਮਲਾ, ਨਗਰਕੋਟ ਉੱਤੇ ਹਮਲਾ, ਥਾਨੇਸਰ ਉੱਤੇ ਹਮਲਾ, ਮਥੁਰਾ ਅਤੇ ਕਨੌਜ ਉੱਤੇ ਹਮਲਾ, ਕਾਲਿੰਜਰ ਉੱਤੇ ਹਮਲਾ।

4) ਮੁਹੰਮਦ ਗੌਰੀ ਅਤੇ ਪ੍ਰਿਥਵੀ ਰਾਜ ਚੌਹਾਨ ਵਿਚਕਾਰ ਯੁੱਧ ਦਾ ਵਰਣਨ ਕਰੋ।

ਉੱਤਰ. ਪ੍ਰਿਥਵੀ ਰਾਜ ਚੌਹਾਨ ਨੇ ਮੁਹੰਮਦ ਗੌਰੀ ਨੂੰ 1191 ਈ. ਵਿੱਚ ਤਰਾਇਨ ਦੀ ਪਹਿਲੀ ਲੜਾਈ ਵਿੱਚ ਹਰਾਇਆ। ਪਰੰਤੂ ਉਹ 1192 ਈ. ਵਿੱਚ ਤਰਾਇਨ ਦੀ ਦੂਜੀ ਲੜਾਈ ਵਿੱਚ ਮੁਹੰਮਦ ਗੌਰੀ ਹੱਥੋਂ ਹਾਰ ਜਾਣ ਪਿੱਛੋਂ ਮਾਰਿਆ ਗਿਆ।

# ਪਾਠ - ਦੱਖਣੀ ਭਾਰਤ ਵਿੱਚ ਰਾਜਨੀਤਿਕ ਪ੍ਰਗਤੀਆਂ

## ਪ੍ਰ.1 ਸਹੀ ਵਿਕਲਪ ਤੇ (✓) ਦਾ ਚਿੰਨ੍ਹ ਲਗਾਓ:-

| | ੳ | ਅ | ੲ | ਸ |
|---|---|---|---|---|
| ਪਾਂਡਯ ਸ਼ਾਸਕਾਂ ਦੀ ਰਾਜਧਾਨੀ | ਕਾਂਚੀਪੁਰਮ | ਤੰਜੌਰ | ਮਦੁਰਾਇ | ਕਲਿਆਣੀ |
| ਅਦਵੈਤ ਦਾ ਪ੍ਰਚਾਰ ਕਰਨ ਵਾਲੇ ਭਗਤ | ਬਾਸਵ | ਰਾਮਾਨੁਜ | ਸ਼ੰਕਰਾਚਾਰੀਆ ✓ | ਕੰਬਨ |
| ਪਾਂਡਯ ਰਾਜ ਦੀ ਯਾਤਰਾ ਕਰਨ ਵਾਲਾ ਯਾਤਰੀ | ਅਲਬਰੂਨੀ | ਮਾਰਕੋਪੋਲੋ ✓ | ਇਬਨਬਤੂਤਾ | ਅਬਦੁਲ ਰਜ਼ਾਕ |

## ਪ੍ਰ. 2 ਦੱਸੋ ਮੈਂ ਕੌਣ ਹਾਂ?

1. ਮੈਂ ਗੰਗਈਕੋਂਡਾਚੋਲਪੁਰਮ ਦੀ ਉਪਾਧੀ ਧਾਰਨ ਕੀਤੀ। ਮੇਰਾ ਨਾਂ ..ਰਾਜਿੰਦਰ ਚੋਲ.... ਹੈ।



Scanned by CamScanner

2. ਮੈਂ ਤੰਜੌਰ ਵਿਖੇ ਪ੍ਰਸਿੱਧ ਰਾਜਰਾਜੇਸ਼ਵਰ ਮੰਦਰ ਦਾ ਨਿਰਮਾਣ ਕਰਾਇਆ ਸੀ।ਮੇਰਾ ਨਾਂ ...ਰਾਜਰਾਜ... ਹੈ।

3. ਮੈਂ ਰਾਮਾਇਣ ਦਾ ਤਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ ।ਮੇਰਾ ਨਾਂ ...ਕੰਬਨ ਵਿਦਵਾਨ... ਹੈ।

**ਪ੍ਰ.3 ਵਾਕ ਪੂਰੇ ਕਰੋ:-**

1. ਚੋਲ ਰਾਜ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ ਜਿਹਨਾਂ ਨੂੰ ...ਮੰਡਲਮ ਕਿਹਾ ਜਾਂਦਾ ਸੀ।
2. ਸ਼ੰਕਰਾਚਾਰੀਆ ਨੇ ਅਦਵੈਤ ...ਮਤ ਦਾ ਪ੍ਰਚਾਰ ਕੀਤਾ।...
3. ਨੇਨਿਹਾ ਅਤੇ ਤਿਨਕਾ ਨੇ ਮਹਾਂਭਾਰਤ ਦਾ ...ਤੇਲਗੂ ਭਾਸ਼ਾ ਵਿੱਚ ਅਨੁਵਾਦ ਕੀਤਾ।
4. ਪੱਲਵ ਸ਼ਾਸਕਾਂ ਦੀ ਰਾਜਧਾਨੀ ...ਕਾਂਚੀ ਸੀ।...

**ਪ੍ਰ.4 ਚਿੱਤਰ ਦੇਖ ਕੇ ਦੱਸੋ ਕਿ ਇਹ ਕਿਸ ਮੰਦਰ ਦਾ ਚਿੱਤਰ ਹੈ?ਇਹ ਵੀ ਦੱਸੋ ਕਿ ਇਹ ਕਿੱਥੇ ਸਥਿੱਤ ਹੈ?**



ਇਹ ਮੰਦਿਰ ਸ਼ੋਰ ਮੰਦਿਰ ਹੈ ਅਤੇ ਇਹ ਮਹਾਂਬਲੀਪੁਰਮ ਵਿਖੇ ਸਥਿਤ ਹੈ।

**ਪ੍ਰ.5 ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:**

1) ਰਾਜਿੰਦਰ ਚੋਲ ਦੀਆਂ ਮਹੱਤਵਪੂਰਨ ਜਿੱਤਾਂ ਬਾਰੇ ਲਿਖੋ।

ਉੱਤਰ ਦੱਖਣੀ-ਪੂਰਬੀ ਏਸ਼ੀਆ ਵਿੱਚ ਅੰਡੇਮਾਨ, ਨਿਕੋਬਾਰ, ਮਲਾਇਆ, ਸੁਮਾਤਰਾ ਅਤੇ ਜਾਵਾ ਉਸ ਦੀਆਂ ਮਹੱਤਵਪੂਰਨ ਜਿੱਤਾਂ ਸਨ।

2) ਚੋਲ ਰਾਜ ਦੀ ਬਣਤਰ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ ਚੋਲ ਰਾਜ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ, ਜਿਸ ਨੂੰ ਮੰਡਲਮ ਕਿਹਾ ਜਾਂਦਾ ਸੀ। ਮੰਡਲਮ ਅੱਗੋਂ ਵੱਲਨਾਡੂ ਵਿੱਚ ਵੰਡਿਆ ਹੋਇਆ ਸੀ। ਇੱਕ ਵੱਲਨਾਡੂ ਵਿੱਚ ਪਿੰਡਾਂ ਦੀ ਨਿਸ਼ਚਿਤ ਗਿਣਤੀ ਸ਼ਾਮਲ ਹੁੰਦੀ ਸੀ।

3). ਪੱਲਵ ਸ਼ਾਸਕਾਂ ਤੇ ਨੋਟ ਲਿਖੋ।

ਉੱਤਰ ਮਹਿੰਦਰ ਵਰਮਨ ਪਹਿਲਾ ਅਤੇ ਨਰਸਿੰਘ ਵਰਮਨ ਪਹਿਲਾ ਪੱਲਵ ਵੰਸ਼ ਦੇ ਦੋ ਪ੍ਰਮੁੱਖ ਸ਼ਾਸਕ ਸਨ। ਉਨ੍ਹਾਂ ਨੇ ਚੇਰ ਅਤੇ ਪਾਂਡਯ ਸ਼ਾਸਕਾਂ ਨੂੰ ਹਰਾ ਕੇ ਆਪਣੇ ਰਾਜ ਦਾ ਬਹੁਤ ਵਿਸਥਾਰ ਕੀਤਾ। ਉਹਨਾਂ ਨੇ ਕਾਂਚੀ ਨੂੰ ਆਪਣੀ ਰਾਜਧਾਨੀ ਬਣਾਇਆ।


Scanned by CamScanner

# ਪਾਠ - ਦਿੱਲੀ ਸਲਤਨਤ

**ਪ੍ਰ.1ਸਹੀ ਵਿਕਲਪ ਲੱਭ ਕੇ ਖਾਲੀ ਥਾਂਵਾਂ ਭਰੋ:-**

| (ੳ) | (ਅ) |
|---|---|
| 1. ਸੂਬੇਦਾਰ | 1. ਪਿੰਡਾਂ ਦੇ ਮੁਖੀਏ ਨੂੰ ....ਮੁਕੱਦਮ.... ਕਿਹਾ ਜਾਂਦਾ ਹੈ। |
| 2. ਆਮਿਲ | 2. ਪ੍ਰਾਂਤਾਂ ਦੇ ਰਾਜਪਾਲਾਂ ਨੂੰ ਮੁਕਤੀ, ਵਲੀ ਜਾਂ ..ਸੂਬੇਦਾਰ.. ਕਿਹਾ ਜਾਂਦਾ ਸੀ। |
| 3. ਮੁਕੱਦਮ | 3. ..ਆਮਿਲ.... ਪਰਗਨੇ ਦਾ ਮੁੱਖ ਅਧਿਕਾਰੀ ਹੁੰਦਾ ਸੀ। |

**ਪ੍ਰ.2 ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ ਨਕਸ਼ੇ ਵਿੱਚ ਦਰਸਾਈ ਥਾਂ ਤੇ ਬਦਲ ਦਿੱਤੀ ਸੀ। ਇਸ ਜਗ੍ਹਾ ਦਾ ਨਾਂ ਦੱਸੋ।**




ਉੱਤਰ-> ਦੇਵਗਿਰੀ (ਦੌਲਤਾਬਾਦ)..........

**ਪ੍ਰ.3 ਸਹੀ ਵਿਕਲਪ ਚੁਣੋ:-**

1. ਹੇਠ ਲਿਖਿਆਂ ਵਿੱਚੋਂ ਕੌਣ ਕੁਤਬਦੀਨ ਐਬਕ ਦਾ ਦਾਸ ਸੀ?
   (ੳ) ਬਲਬਨ (ਅ) ਇਲਤੁਤਮਿਸ਼ (ੲ) ਅਲਾਉਦੀਨ ਖਿਲਜ਼ੀ (ਸ) ਅਰਾਮਸ਼ਾਹ
2. ਸੈਨਿਕਾਂ ਦੇ ਹੁਲੀਏ ਲਿਖਣ ਅਤੇ ਘੋੜਿਆਂ ਨੂੰ ਦਾਗਨ ਦੀ ਪ੍ਰਥਾ ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਾਸਕ ਨੇ ਆਰੰਭ ਕੀਤੀ ?
   (ੳ) ਅਲਾਉਦੀਨ ਖਿਲਜ਼ੀ (ਅ) ਮੁਹੰਮਦ-ਬਿਨ-ਤੁਗਲਕ (ੲ) ਰਜ਼ੀਆ ਸੁਲਤਾਨ (ਸ) ਫਿਰੋਜ਼ ਸ਼ਾਹ ਤੁਗਲਕ
3. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਹਿਰ ਫਿਰੋਜ਼ਸ਼ਾਹ ਤੁਗਲਕ ਨੇ ਨਹੀਂ ਵਸਾਇਆ ਸੀ?
   (ੳ) ਫਿਰੋਜ਼ਾਬਾਦ (ਅ) ਹਿਸਾਰ (ੲ) ਜੌਨਪੁਰ (ਸ) ਫਤਿਹਪੁਰ ਸੀਕਰੀ
4. ਤੈਮੂਰ ਨੇ ਭਾਰਤ ਤੇ ਹਮਲਾ ਕਦੋਂ ਕੀਤਾ?
   (ੳ) 1398 ਈ. (ਅ) 1525 ਈ. (ੲ) 1232 ਈ. (ਸ) 1526 ਈ.

**ਪ੍ਰ.4 ਹੇਠ ਦਿੱਤੀ ਪਜ਼ਲ ਵਿੱਚੋਂ ਦਿੱਲੀ ਸਲਤਨਤ ਦੇ ਸ਼ਾਸਕਾਂ ਦੇ ਨਾਮ ਲੱਭੋ:-**

| | | | | | | | | | |
|---|---|---|---|---|---|---|---|---|---|
| ਮੁ | ਹੰ | ਅ | ੳ | ਕ | ਸ | ਰ | ਰ | ਜ | ਖਿ |
| ਇ | ਹ | ਹਾ | ਨੀ | ਰਾ | ਪ | ਜੀ | ਜ | ਮੀ | ਜ਼ |
| ਬ | ਰ | ਮ | ਜ | ਰ | ਨ | ਆ | ਝ | ਗਿ | ਰ |
| ਰਾ | ਸ਼ | ਝ | ਦ | ਜ | ਸ | ਤ | ਸ | ਅ | ਖਾਂ |
| ਹਿ | ਝ | ਗ | ਸ਼ੇ | ਬਿ | ਰ | ਏ | ਨ | ਕੁ | ਮ |
| ਮ | ਤਾ | ਬ | ਲ਼ | ਬ | ਨ | ਖ | ਨ | ਸੁ | ਨਾ |
| ਲੋ | ਫਿ | ਰੋ | ਜ਼ | ਸ਼ਾ | ਹ | ਤੁ | ਗ | ਲ | ਕ |
| ਧੀ | ਛਾ | ਜ | ਕ | ਨ | ਸ | ਜਾ | ਗ | ਰਾ | ਪੀ |
| ਸੁ | ਧ | ਇ | ਲ | ਤੁ | ਤ | ਮਿ | ਸ਼ | ਮ | ਨਾ |
| ਮ | ਖੀ | ਸਾ | ਸਿ | ਕੰ | ਦ | ਰ | ਲੋ | ਧੀ | ਕ |
| ਅ | ਲਾ | ੳ | ਦੀ | ਨ | ਖਿ | ਲ | ਜੀ | ਨਾ | ਸੀ |



Scanned by CamScanner

## ਪ੍ਰ.5 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:

1) ਬਲਬਨ ਨੇ ਸਲਤਨਤ ਦਾ ਸੰਗਠਨ ਕਿਵੇਂ ਕੀਤਾ?
ਉੱਤਰ

ਉਸ ਨੇ ਦਿੱਲੀ ਦੇ ਨੇੜੇ ਮੇਵਾਤੀਆਂ ਦੁਆਬ ਖੇਤਰ ਦੇ ਹਿੰਦੂ ਜ਼ਿਮੀਂਦਾਰਾਂ ਤੇ ਦੁਆਬੇ ਦੇ ਲੁਟੇਰਿਆਂ ਤੇ ਕਾਬੂ ਪਾਇਆ। ਉਸ ਨੇ ਬੰਗਾਲ ਵਿੱਚ ਤੁਗਰਿਲ ਦੇ ਵਿਦਰੋਹ ਨੂੰ ਕਾਬੂ ਪਾਇਆ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ। ਉਸ ਨੇ ਫ਼ੌਜ ਦਾ ਪੁਨਰ-ਗਠਨ ਕੀਤਾ। ਉਸ ਨੇ ਮੰਗੋਲਾਂ ਤੋਂ ਦਿੱਲੀ ਦੀ ਰੱਖਿਆ ਲਈ ... ਨੀਤੀ ਅਪਣਾਈ। ਲਹੂ ਅਤੇ ਲੋਹੇ ਦੀ ਨੀਤੀ ਅਪ...

2) ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਉਂ ਬਦਲੀ ਸੀ?
ਉੱਤਰ

1. ਸਾਮਰਾਜ ਦੀ ਮੰਗੋਲਾਂ ਦੇ ਹਮਲਿਆਂ ਤੋਂ ਰੱਖਿਆ ਕਰਨਾ।
2. ਸਾਮਰਾਜ ਦੇ ਸ਼ਾਸਨ ਪ੍ਰਬੰਧ ਨੂੰ ਦਿੱਲੀ ਦੀ ਥਾਂ ਦੇਵਗਿਰੀ ਤੋਂ ਚੰਗੀ ਤਰ੍ਹਾਂ ਚਲਾ ਸਕਣਾ।

3) ਅਲਾਉਦੀਨ ਖਿਲਜ਼ੀ ਦੇ ਆਰਥਿਕ ਸੁਧਾਰਾਂ ਤੇ ਨੋਟ ਲਿਖੋ।
ਉੱਤਰ

1. ਅਲਾਉਦੀਨ ਖ਼ਿਲਜ਼ੀ ਦੇ ਆਰਥਿਕ ਸੁਧਾਰ
2. ਮੰਡੀ ਸੁਧਾਰ।

# ਪਾਠ – ਮੁਗਲ ਸਾਮਰਾਜ

## ਪ੍ਰ 1.ਦਿੱਤੇ ਗਏ ਸੰਕੇਤਾਂ ਦੇ ਆਧਾਰ ਤੇ ਵਿਅਕਤੀ ਦਾ ਨਾਂ ਦੱਸੋ ਇਕ ਖਾਨੇ ਵਿੱਚ ਇਕ ਹੀ ਅੱਖਰ ਭਰਿਆ ਜਾਵੇ:-

1. ਮੁਗਲ ਮੱਧ ਏਸ਼ੀਆ ਦੇ ਇਸ ਮੰਗੋਲ ਸ਼ਾਸਕ ਦੇ ਵੰਸ਼ਜ ਸਨ। | ਚੰ | ਗੇ | ਜ਼ | ਖਾਂ |
2. ਬਾਬਰ ਨੇ ਇਸ ਰਾਜੇ ਨੂੰ ਕਨਵਾਹ ਦੀ ਲੜਾਈ ਵਿੱਚ ਹਰਾਇਆ ਸੀ। | ਰਾ | ਣਾ | ਸਾਂ | ਗਾ |
3. ਇਸ ਨੇ ਹੁਮਾਯੂੰ ਨੂੰ ਹਰਾ ਕੇ ਭਾਰਤ ਵਿੱਚੋਂ ਬਾਹਰ ਕੱਢ ਦਿੱਤਾ ਸੀ। | ਸ਼ੇ | ਰ | ਸ਼ਾ | ਹ | ਸੂ | ਰੀ |
4. ਅਕਬਰ ਦੇ ਇਸ ਮੰਤਰੀ ਨੇ ਲਗਾਨ ਵਿਭਾਗ ਵਿੱਚ ਬਹੁਤ ਸੁਧਾਰ ਕੀਤੇ। | ਰਾ | ਣਾ | ਪ੍ਰ | ਤਾ | ਪ | ਸਿੰ | ਘ |
5. ਜਹਾਂਗੀਰ ਦੀ ਇਹ ਪਤਨੀ ਰਾਜਪ੍ਰਬੰਧ ਵਿੱਚ ਬਹੁਤ ਦਿਲਚਸਪੀ ਰੱਖਦੀ ਸੀ। | ਨੂ | ਰ | ਜ | ਹਾਂ |
6. ਇਸਨੇ ਆਪਣੇ ਪਿਤਾ ਨੂੰ ਆਗਰੇ ਦੇ ਕਿਲੇ ਵਿੱਚ ਕੈਦ ਕਰ ਲਿਆ ਸੀ। | ਔ | ਰੰ | ਗ | ਜ਼ੇ | ਬ |

Scanned by CamScanner

## ਪ੍ਰ. 2 ਸਹੀ ਵਿਕਲਪ ਚੁਣੋ:-

1. ਚੌਧਰੀ,ਪਟਵਾਰੀ ਅਤੇ ਮੁਕੱਦਮ ਹੇਠ ਲਿਖਿਆਂ ਵਿੱਚੋਂ ਕਿਹੜੇ ਪੱਧਰ ਦੇ ਅਧਿਕਾਰੀ ਸਨ?
   (ੳ) ਪ੍ਰਾਂਤ (ਅ) ਪਰਗਨਾ (ੲ) ਪਿੰਡ (ਸ) ਇਹਨਾਂ ਵਿੱਚੋਂ ਕੋਈ ਨਹੀਂ
2. ਅਕਬਰ ਦੇ ਸਮੇਂ ਭੂਮੀ ਦੀ ਵੰਡ ਦਾ ਹੇਠ ਲਿਖਿਆਂ ਵਿੱਚੋਂ ਕਿਹੜਾ ਪ੍ਰਕਾਰ ਨਹੀਂ ਸੀ?
   (ੳ) ਪੋਲਜ਼ (ਅ) ਪਰੌਤੀ (ੲ) ਛੱਛਰ (ਸ) ਕਨਕੂਤ
3. ਵਪਾਰਿਕ ਸਹੂਲਤਾਂ ਲੈਣ ਲਈ ਜਹਾਂਗੀਰ ਦੇ ਦਰਬਾਰ ਵਿੱਚ ਆਉਣ ਵਾਲਾ ਇੰਗਲੈਂਡ ਦਾ ਰਾਜਦੂਤ ਕੌਣ ਸੀ?
   (ੳ) ਸਰ ਥਾਮਸ ਰੋ (ਅ) ਵਿਲਿਅਮ ਹਾਕਿੰਜ਼ (ੲ) ਅਲਬਰੂਨੀ (ਸ) ਮਾਰਕੋ ਪੋਲੋ
4. ਈਰਾਨ ਦੇ ਸ਼ਾਸਕ ਨਾਦਿਰ ਸ਼ਾਹ ਨੇ ਭਾਰਤ ਤੇ ਹਮਲਾ ਕਦੋਂ ਕੀਤਾ?
   (ੳ) 1739 ਈ. (ਅ) 1759 ਈ. (ੲ) 1740 ਈ. (ਸ) 1772 ਈ.

## ਪ੍ਰ.3 ਮੁਗਲ ਸ਼ਾਸਕ ਨੂੰ ਉਹਨਾਂ ਦੇ ਪਹਿਲੇ ਆਉਣ ਦੇ ਕ੍ਰਮ ਅਨੁਸਾਰ ਟਾਈਮ ਲਾਈਨ ਤੇ ਦਰਸਾਓ :-

| | |
|---|---|
| 1. ਅਕਬਰ | 1. ਬਾਬਰ |
| 2. ਔਰੰਗਜ਼ੇਬ | 2. ਹੁਮਾਯੂੰ |
| 3. ਸ਼ਾਹਜਹਾਂ | 3. ਅਕਬਰ |
| 4. ਬਾਬਰ | 4. ਜਹਾਂਗੀਰ |
| 5. ਜਹਾਂਗੀਰ | 5. ਸ਼ਾਹਜਹਾਂ |
| 6. ਹੁਮਾਯੂੰ | 6. ਔਰੰਗਜ਼ੇਬ |

## ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:

1) ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ 1526 ਈ. ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਹਰਾ ਕੇ ਦਿੱਲੀ ਅਤੇ ਆਗਰੇ ਤੇ ਕਬਜ਼ਾ ਕਰ ਲਿਆ। ਬਾਬਰ ਨੇ ਰਾਣਾ ਸਾਂਗਾ ਨੂੰ 1527 ਈ. ਵਿੱਚ ਕਨਵਾਹ ਦੀ ਲੜਾਈ ਵਿੱਚ ਹਰਾਇਆ।

2) ਮਨਸਬਦਾਰੀ ਪ੍ਰਣਾਲੀ ਤੋਂ ਕੀ ਭਾਵ ਹੈ?

ਉੱਤਰ ਜਿਉਂ ਹੀ ਮੁਗਲ ਸਾਮਰਾਜ ਦਾ ਵਿਸਥਾਰ ਹੋਣ ਲੱਗਾ ਤਾਂ ਮੁਗਲ ਸ਼ਾਸਕਾਂ ਨੇ ਵੱਖ-ਵੱਖ ਸਮੂਹਾਂ ਦੇ ਲੋਕਾਂ ਨੂੰ ਪ੍ਰਸ਼ਾਸਨ ਵਿੱਚ ਨਿਯੁਕਤ ਕਰਨਾ ਸ਼ੁਰੂ ਕੀਤਾ, ਜਿਨ੍ਹਾਂ ਨੂੰ ਮਨਸਬਦਾਰ ਕਿਹਾ ਜਾਂਦਾ ਹੈ।

3) ਅਕਬਰ ਦੀਆਂ ਜਿੱਤਾਂ ਬਾਰੇ ਲਿਖੋ।


ਉੱਤਰ ਅਕਬਰ ਨੇ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਲਈ ਗਵਾਲੀਅਰ, ਜੌਨਪੁਰ, ਅਜਮੇਰ ਅਤੇ ਮਾਲਵਾ ਤੇ ਜਿੱਤ ਪ੍ਰਾਪਤ ਕੀਤੀ। ਅਕਬਰ ਰਾਜਪੂਤਾਂ ਨਾਲ ਦੋਸਤਾਨਾ ਸੰਬੰਧ ਕਾਇਮ ਕਰਨਾ ਚਾਹੁੰਦਾ ਸੀ। ਉਸ ਨੇ ਰਾਜਪੂਤ ਰਾਜਕੁਮਾਰੀਆਂ ਨਾਲ ਵਿਆਹ ਕਰਵਾਏ

# ਪਾਠ- ਸਮਾਰਕ ਨਿਰਮਾਣ ਕਲਾ

**ਪ੍ਰ.1 ਹੇਠ ਦਿੱਤੇ ਚਿੱਤਰਾਂ ਨੂੰ ਪਛਾਣ ਕੇ ਸਮਾਰਕਾਂ ਦੇ ਨਾਂ ਅਤੇ ਸਥਾਨ ਦੱਸੋ।**

| ਲੜੀ ਨੰ | ਚਿੱਤਰ | ਸਮਾਰਕ ਦਾ ਨਾਂ | ਕਿੱਥੇ ਸਥਿੱਤ ਹਨ? |
|---|---|---|---|
| 1. |  | ਤਾਜ ਮਹਿਲ | ਆਗਰਾ |
| 2. |  | ਲਾਲ ਕਿਲ੍ਹਾ | ਦਿੱਲੀ |
| 3. |  | ਸੂਰਜ ਮੰਦਿਰ | ਕੋਨਾਰਕ |
| 4. |  | ਕੈਲਾਸ਼ ਮੰਦਰ | ਐਲੋਰਾ |

**ਪ੍ਰ. 2 ਸਹੀ ਮਿਲਾਨ ਕਰੋ:-**

| (ੳ) | | (ਅ) |
|---|---|---|
|  | 1. | 1. ਇਸ ਸਮਾਰਕ ਨੂੰ ਅਕਬਰ ਨੇ ਆਪਣੀ ਗੁਜਰਾਤ ਦੀ ਜਿੱਤ ਦੀ ਖੁਸ਼ੀ ਵਿੱਚ ਬਣਵਾਇਆ ਸੀ। |
|  | 2. | 2. ਅਲਾਉਦੀਨ ਖਿਲਜ਼ੀ ਦੁਆਰਾ ਬਣਵਾਇਆ ਗਿਆ ਇਹ ਸਮਾਰਕ ਦਿੱਲੀ ਵਿਖੇ ਸਥਿਤ ਹੈ। |
|  | 3. | 3. ਇਹ ਭੁਵਨੇਸ਼ਵਰ ਵਿਖੇ ਸਥਿੱਤ ਹੈ। |
|  | 4. | 4. ਬਾਹਮਨੀ ਰਾਜਕਾਲ ਵਿਚ ਬਣੀ ਇਹ ਇਮਾਰਤ ਹੈਦਰਾਬਾਦ ਵਿੱਚ ਸਥਿਤ ਹੈ। |



Scanned by CamScanner

**ਪ੍ਰ. 3 ਦਿੱਤੇ ਗਏ ਤੱਥਾਂ ਦੇ ਅਧਾਰ ਤੇ ਵਰਗ ਪਹੇਲੀ ਹੱਲ ਕਰੋ।**

| | | | | | | | |
|---|---|---|---|---|---|---|---|
| | | | 1ਵ | | | | 2ਮੋ |
| | | | ਜ਼ੀ | 3ਤੇ | | | ਰ |
| | | 1ਸੂ | ਰ | ਜ | ਮੰ | ਦ | ਰਖ |
| | | | ਬਾ | ਪ | | | ਤ |
| | | | ਗ | ਲ | | 4 | ਣ |
| 2ਲਿ | ਗ | ਰਾ | ਜ | ਮੰ | ਦ | ਰ | |
| | | | | ਦ | | | |
| | | | | ਰ | | | |
| | 3ਕੁ | ਤੁ | ਬ | ਮੰ | ਦ | ਰ | |

**ਉੱਪਰ ਤੋਂ ਥੱਲੇ:-**

1. ਸ਼ਾਹਜਹਾਂ ਦੁਆਰਾ ਬਣਵਾਇਆ ਗਿਆ ਇਹ ਬਾਗ ਕਸ਼ਮੀਰ ਵਿਖੇ ਸਥਿੱਤ ਹੈ।
2. ਨਾਦਰ ਸ਼ਾਹ ਇਸਨੂੰ ਆਪਣੇ ਨਾਲ ਈਰਾਨ ਲੈ ਗਿਆ ਸੀ।
3. ਗੁਜਰਾਤ ਦੇ ਸੋਲੰਕੀ ਵੰਸ ਦੇ ਸ਼ਾਸਕਾਂ ਨੇ ਮਾਊਂਟ ਆਬੂ ਵਿਖੇ ਇਹ ਮੰਦਰ ਬਣਵਾਇਆ ਸੀ।
4. ਇਸ ਇਮਾਰਤ ਨੂੰ ਬਾਹਮਨੀ ਸ਼ਾਸਕਾਂ ਨੇ ਹੈਦਰਾਬਾਦ ਵਿਖੇ ਬਣਵਾਇਆ ਸੀ।

**ਖੱਬੇ ਤੋਂ ਸੱਜੇ:-**

1. ਇਹ ਮੰਦਰ ਕੋਨਾਰਕ ਵਿਖੇ ਸਥਿੱਤ ਹੈ।
2. ਇਹ ਮੰਦਰ ਭੁਵਨੇਸ਼ਵਰ ਵਿਖੇ ਸਥਿੱਤ ਹੈ।
3. ਇਸਨੂੰ ਕੁਤਬਉਦੀਨ ਐਬਕ ਨੇ ਦਿੱਲੀ ਵਿਖੇ ਬਣਵਾਇਆ ਸੀ।

**ਪ੍ਰ 4 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:**

1) ਉੱਤਰੀ ਅਤੇ ਦੱਖਣੀ ਭਾਰਤ ਦੇ ਮੰਦਰਾਂ ਦੀ ਸੂਚੀ ਬਣਾਓ:

ਉੱਤਰ

| ਉੱਤਰੀ ਭਾਰਤ ਦੇ ਮੰਦਰ | ਦੱਖਣੀ ਭਾਰਤ ਦੇ ਮੰਦਰ |
|---|---|
| ਜਗਨਨਾਥ ਪੁਰੀ ਵਿੱਚ ਵਿਸ਼ਨੂੰ ਦਾ ਮੰਦਰ | ਗਜੇਸ਼ਵਰ ਮੰਦਰ |
| ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ | ਮੰਦਰ ਦ੍ਰਾਵਿੜ ਸ਼ੈਲੀ |
| ਕੋਨਾਰਕ ਵਿੱਚ ਸੂਰਜ ਮੰਦਰ ਮਾਊਂਟ ਆਬੂ ਵਿਖੇ ਤੇਜਪਾਲ ਮੰਦਰ | ਕੈਲਾਸ਼ ਮੰਦਰ |

2) ਮੁਗਲ ਬਾਦਸ਼ਾਹ ਸ਼ਾਹਜਹਾਂ ਨੂੰ ਭਵਨ ਨਿਰਮਾਤਾਵਾਂ ਦਾ ਸ਼ਾਹਜ਼ਾਦਾ ਕਿਉਂ ਕਿਹਾ ਜਾਂਦਾ ਹੈ?

ਉੱਤਰ. ਮੁਗਲ ਸ਼ਾਸਕਾਂ ਵਿੱਚੋਂ ਸ਼ਾਹਜਹਾਂ ਇੱਕ ਮਹਾਨ ਭਵਨ ਨਿਰਮਾਤਾ ਸੀ। ਉਸ ਨੂੰ ਭਵਨ ਨਿਰਮਾਤਾਵਾਂ ਦਾ ਸ਼ਹਿਜ਼ਾਦਾ ਕਿਹਾ ਜਾਂਦਾ ਸੀ। ਉਸ ਨੇ ਆਪਣੇ ਰਾਜਕਾਲ ਦੌਰਾਨ ਬਹੁਤ ਸਾਰੀਆਂ ਇਮਾਰਤਾਂ ਬਣਵਾਈਆਂ, ਉਸ ਦੁਆਰਾ ਆਗਰੇ ਦੇ ਕਿਲ੍ਹੇ ਵਿੱਚ ਦੀਵਾਨ-ਏ-ਖ਼ਾਸ, ਦੀਵਾਨ-ਏ-ਆਮ, ਮੋਤੀ ਮਸਜਿਦ, ਸ਼ੀਸ਼ ਮਹਿਲ ਆਦਿ ਮੁੱਖ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ।



Scanned by CamScanner